ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34ਏ,ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)
ਪੰਜਾਬ।

ਮੀਮੋ ਨੰ: ਐਸ.ਐਸ.ਏ/ਵਿੱਤ/2012/86694 - 86695
ਮਿਤੀ,ਚੰਡੀਗੜ੍ਹ: 05/10/2012

ਵਿਸ਼ਾ: ਰਾਜ ਸਰਕਾਰ ਵੱਲੋਂ ਚਲਾਈਆ ਜਾ ਰਹੀ ਵੱਖ ਵੱਖ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਦਿੱਤੇ ਜਾਣ ਵਾਲੇ ਲਾਭ ਦੀ ਅਦਾਇਗੀ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਇਲੈਕਟ੍ਰਾਨਿਕਲੀ ਟਰਾਂਸਫਰ ਕਰਨ ਸਬੰਧੀ ।

1.0 ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਵਿੱਤ ਵਿਭਾਗ ਦੇ ਪੱਤਰ ਨੰ: ਟੀ.ਏ/ਡੀ.2/ਈ.ਪੇਮੈਂਟ/2012/10885 ਮਿਤੀ 3.10.2012(ਕਾਪੀ ਨਾਲ ਨੱਥੀ) ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ । ਇਸ ਪੱਤਰ ਅਨੁਸਾਰ ਕਿਸੇ ਵੀ ਅਣਅਧਿਕਾਰਤ ਵਿਅਕਤੀਆਂ ਨੂੰ ਗਰਾਂਟਾਂ ਸਬੰਧੀ ਚੈੱਕ ਨਾ ਦਿੱਤੇ ਜਾਣ ਬਾਰੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

2.0 ਉੱਕਤ ਦੇ ਮੱਦੇਨਜ਼ਰ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲੀ ਸਿੱਖਿਆ ਵਿਭਾਗ ਨਾਲ ਸਬੰਧਤ ਸਾਰੀਆਂ ਸਕੂਲੀ ਗ੍ਰਾਟਾਂ(ਸਰਵ ਸਿੱਖਿਆ ਅਭਿਆਨ, ਰਮਸਾ, ਐਡੂਸੈਟ, ਪਿਕਟਸ, ਮਿਡ-ਡੇ-ਮੀਲ ਆਦਿ) ਦੀ ਰਕਮ ਸਿੱਧੀ ਸਕੂਲਾਂ ਦੇ ਖਾਤੇ ਵਿੱਚ ਈ-ਟ੍ਰਾਸਫਰ ਰਾਹੀਂ ਭੇਜਣੀ ਯਕੀਨੀ ਬਣਾਈ ਜਾਵੇ। ਜਿਥੇ ਕਿਤੇ ਕਿਸੇ ਸਕੂਲ ਵੱਲੋਂ ਬੈਂਕ ਵਿੱਚ ਅਜੇ ਤੱਕ ਈ-ਟ੍ਰਾਸਫਰ ਦੀ ਸੁਵਿਧਾ ਕਿਸੇ ਕਾਰਨ ਨਹੀਂ ਲਈ ਗਈ, ਉਥੇ ਉੱਨੀ ਦੇਰ ਤੱਕ ਰਕਮ ਕੇਵਲ Payee's A/c ਚੈੱਕ ਰਾਹੀਂ ਸਿੱਧੀ ਸਕੂਲ ਦੇ ਖਾਤੇ ਵਿੱਚ ਭੇਜੀ ਜਾਵੇ। ਕਿਸੇ ਵੀ ਸਕੂਲ ਗਰਾਂਟ ਦਾ ਚੈੱਕ ਕਿਸੀ ਵੀ ਅਣਅਧਿਕਾਰਤ ਵਿਅਕਤੀ ਨੂੰ ਨਾ ਦਿੱਤਾ ਜਾਵੇ।

3.0 ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਵਾਲੇ ਅਧਿਕਾਰੀ/ਕਰਮਚਾਰੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ ਜਿਸ ਲਈ ਉਹ ਵਿਭਾਗੀ ਕਾਰਵਾਈ ਦਾ ਭਾਗੀਦਾਰ ਹੋਵੇਗਾ।

4.0 ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਕਾਹਨ ਸਿੰਘ ਪੰਨੂੰ ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਨੰ: ਟੀ.ਏ./ਡੀ.2/ਈ.ਪੇਮੈਂਟ/2012/10885

ਪੰਜਾਬ ਸਰਕਾਰ

ਵਿੱਤ ਵਿਭਾਗ

(ਖਜ਼ਾਨਾ ਤੇ ਲੇਖਾ ਸ਼ਾਖਾ)

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ
ਸਮੂਹ ਵਿਭਾਗਾਂ ਦੇ ਮੁੱਖੀ,
ਰਾਜ ਦੇ ਸਾਰੇ ਡਵੀਜ਼ਨਾਂ ਦੇ ਕਮਿਸ਼ਨਰ,
ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ ਉਪ ਮੰਡਲ ਅਫਸਰ(ਸਿਵਲ)
ਪੰਜਾਬ, ਚੰਡੀਗੜ੍ਹ ।

ਮਿਤੀ :- 3/10/2012

ਵਿਸ਼ਾ : ਰਾਜ ਸਰਕਾਰ ਵੱਲੋਂ ਚਲਾਈਆਂ ਜਾ ਰਹੀ ਵੱਖ ਵੱਖ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਦਿੱਤੇ ਜਾਣ ਵਾਲੇ ਲਾਭ ਦੀ ਅਦਾਇਗੀ ਲਾਭਪਾਤਰੀਆਂ ਦੇ ਖਾਤਿਆਂ ਵਿਚ ਇਲੈਕਟ੍ਰਾਨਿਕਲੀ ਟਰਾਂਸਫਰ ਕਰਨ ਸਬੰਧੀ ।

ਉਪਰੋਕਤ ਵਿਸ਼ੇ ਸਬੰਧੀ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਰਾਜ ਵਿੱਚ ਚਲਾਈਆਂ ਜਾ ਰਹੀ ਵੱਖ ਵੱਖ ਭਲਾਈ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਦਿੱਤੇ ਜਾਣ ਵਾਲੇ ਲਾਭ ਦੀ ਅਦਾਇਗੀ ਸਿੱਧੇ ਤੌਰ ਤੇ ਲਾਭਪਾਤਰੀਆਂ ਨੂੰ ਕਰਨ ਦੀ ਥਾਂ ਵਿਭਾਗ ਵੱਲੋਂ ਲਾਭ ਦੇ ਚੈੱਕ ਅੱਗੇ ਲਾਭਪਾਤਰੀਆਂ ਨੂੰ ਵੰਡਣ ਹਿਤ ਅਣਅਧਿਕਾਰਤ ਵਿਅਕਤੀਆਂ ਨੂੰ ਦਿੱਤੇ ਜਾਂਦੇ ਹਨ । ਜਿਸ ਕਾਰਨ ਲਾਭਪਾਤਰੀਆਂ ਤੱਕ ਲਾਭ ਪਹੁੰਚਣ ਵਿਚ ਬੇਲੋੜੀ ਦੇਰੀ ਹੁੰਦੀ ਹੈ ਅਤੇ ਕਈ ਵਾਰ ਲਾਭਪਾਤਰੀ ਬਣਦੇ ਲਾਭ ਪ੍ਰਾਪਤ ਕਰਨ ਤੋਂ ਵਾਂਝੇ ਵੀ ਰਹਿ ਜਾਂਦੇ ਹਨ । ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਇਸ ਦਾ ਗੰਭੀਰ ਨੋਟਿਸ ਲੈਂਦੇ ਹੋਏ ਵੱਖ ਵੱਖ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਸਮੇਂ ਸਿਰ ਲਾਭ ਦੇਣ ਦੀ ਸੁਵਿਧਾ ਲਈ ਹੇਠ ਦਰਸਾਈ ਵਿਧੀ ਅਪਨਾਉਣ ਦਾ ਫੈਸਲਾ ਲਿਆ ਗਿਆ ਹੈ :

1. ਸਬੰਧਤ ਵਿਭਾਗ ਵੱਲੋਂ ਲਾਭਪਾਤਰੀਆਂ ਤੋਂ ਉਹਨਾਂ ਦੇ ਬੈਂਕ ਖਾਤੇ ਆਦਿ ਦੇ ਮੁਕੰਮਲ ਵੇਰਵੇ ਪ੍ਰਾਪਤ ਕਰਦੇ ਹੋਏ ਲਾਭਪਾਤਰੀਆਂ ਦੇ ਬੈਂਕ ਖਾਤੇ ਵਿੱਚ ਲਾਭ ਦੀ ਰਾਸ਼ੀ ਸਿੱਧੇ ਤੌਰ ਤੇ ਇਲੈਕਟ੍ਰਾਨਿਕਲੀ ਟਰਾਂਸਫਰ ਕੀਤੀ ਜਾਵੇਗੀ ਤਾਂ ਜੋ ਉਸੇ ਦਿਨ ਹੀ ਲਾਭਪਾਤਰੀ ਦੇ ਬੈਂਕ ਖਾਤੇ ਵਿਚ ਲਾਭ ਦੀ ਰਾਸ਼ੀ ਜਮ੍ਹਾਂ ਹੋ ਸਕੇ ।
2. ਲਾਭਪਾਤਰੀਆਂ ਨੂੰ ਦਿੱਤੇ ਜਾਣ ਵਾਲੇ ਲਾਭ ਦੇ ਚੈੱਕ/ਅਦਾਇਗੀ ਕਿਸੇ ਵੀ ਹਾਲਤ ਵਿੱਚ ਅਣਅਧਿਕਾਰਤ ਵਿਅਕਤੀਆਂ ਨੂੰ ਨਾ ਕੀਤੀ ਜਾਵੇ । ਜਦੋਂ ਤੱਕ ਈ.ਪੇਮੈਂਟ ਸਿਸਟਮ ਰਾਹੀਂ ਲਾਭਪਾਤਰੀਆਂ ਨੂੰ ਅਦਾਇਗੀ ਕਰਨ ਦੀ ਪ੍ਰਕਿਰਿਆ ਸ਼ੁਰੂ ਨਹੀਂ ਹੋ ਜਾਂਦੀ , ਉਦੋਂ ਤੱਕ ਲਾਭ ਦੀ ਅਦਾਇਗੀ ਸਿੱਧੇ ਤੌਰ ਤੇ ਸਬੰਧਤ ਲਾਭਪਾਤਰੀ ਨੂੰ ਕੀਤੀ ਜਾਵੇ । ਇਹ ਅਦਾਇਗੀ ਕਿਸੇ ਵੀ ਹਾਲਤ ਵਿੱਚ ਅਣਅਧਿਕਾਰਤ ਵਿਅਕਤੀ ਨੂੰ ਨਾ ਕੀਤੀ ਜਾਵੇ । !
3. ਈ.ਪੇਮੈਂਟ ਸਿਸਟਮ ਰਾਹੀਂ ਸਿੱਧੇ ਤੌਰ ਤੇ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਰਾਸ਼ੀ ਟਰਾਂਸਫਰ ਕਰਨ ਦੀ ਪ੍ਰਕਿਰਿਆ ਨੂੰ ਮਿਤੀ 31.10.2012 ਤੱਕ ਹਰ ਹਾਲਤ ਵਿੱਚ ਲਾਗੂ ਕੀਤਾ ਜਾਵੇ ।

(ਸਤੀਸ਼ ਚੰਦਰਾ)
ਪ੍ਰਮੁੱਖ ਸਕੱਤਰ ਵਿੱਤ

ਨੰ: ਟੀ.ਏ./ਡੀ.2/ਈ.ਪੇਮੈਂਟ/2012/10886-87 ਮਿਤੀ, ਚੰਡੀਗੜ੍ਹ 3/10/2012

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ :

1. ਨਿੱਜੀ ਸਕੱਤਰ/ਮਾਨਯੋਗ ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ
2. ਨਿੱਜੀ ਸਕੱਤਰ/ਮਾਨਯੋਗ ਮੁੱਖ ਸਕੱਤਰ, ਪੰਜਾਬ, ਚੰਡੀਗੜ੍ਹ

ਪ੍ਰਮੁੱਖ ਸਕੱਤਰ ਵਿੱਤ